ੴ ਸਤਿਗੁਰ ਪ੍ਰਸਾਦਿ ॥
ਗੁਰ ਕੀ ਮਹਿਮਾ ਕਿਆ ਕਹਾ ਗੁਰ ਬਿਬੇਕ ਸਤਿਸਰ॥
ਓਹ ਆਦਿ ਜੁਗਾਦੀ ਜੁਗਹੁ ਜੁਗੁ ਪੂਰਾ ਪਰਮੇਸਰ ॥ ੩ ॥
ਹਮ ਭੂਲਹ ਤੁਮ ਸਦਾ ਅਭੂਲਾ ਹਮ ਪਤਿਤ ਤੁਮ ਪਤਿਤ ਉਧੋਰੀਆ ॥
ਹਮ ਨੀਚ ਬਿਰਖ ਤੁਮ ਮੈਲਾਗਰ, ਲਾਜ ਸੰਗਿ ਸੰਗਿ ਬਸਰੀਆ ॥

August 20- 1998

**ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜਥੇਦਾਰ ਸ੍ਰੀ ਅਕਾਲਤਖ਼ਤ ਸਾਹਿਬ ਅੰਮ੍ਰਿਤਸਰ,**

**ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹ ॥**

## 1-ਭੁੱਲ ਦੀ ਸੁਧਾਈ ਲਈ ਜੋਦੜੀ:--

ਦਾਸ ਨੇ ਆਪ ਜੀ ਦੀ ਸੇਵਾ ਵਿਚ ਇੱਕ ਪੱਤਰ ਡਾਕ ਰਾਹੀਂ ਮਿਤੀ ੧੧-੮-੯੮ ਨੂੰ ਭੇਜਿਆ ਹੈ। ਦਿਲੀ ਖੇਦ ਹੈ ਕਿ ਉਸ ਪੱਤਰ ਉਤੇ ਉਸੇ ਵਾਧਾਈ ਪੱਤਰ ਵਾਲੀ ਤਾਰੀਖ਼ ਛਪ ਗਈ ਜਿਹੜਾ ਮਤੀ ੨੭-੧-੯੮ ਨੂੰ ਆਪ ਜੀ ਦੀ ਸੇਵਾ ਵਿਚ ਭੇਜਿਆ ਸੀ। ਸਪੱਸ਼ਟੀਕਰਨ ਲਈ- ਉਸ ਪੱਤਰ ਦਾ ਅਤੇ ਆਪ ਜੀ ਵਲੋਂ ਆਏ ਉੱਤਰ ਦਾ ਉਤਾਰਾ ਨਾਲ ਨੱਥੀ ਕੀਤਾ ਗਿਆ ਹੈ।

## 2- ਅਤੀ ਜ਼ਰੂਰੀ ਸੂਚਨਾ:--

ਕਰਨੈਲ ਸਿੰਘ ਖ਼ਾਲਸਾ ਨਾਮ ਦੇ ਮਨੁੱਖ ਦੀ ਆਪ ਜੀ ਨਾਲ ਹੋਈ ਗੱਲ ਬਾਤ ਦੀ ਟੇਪ ਦਿਨੋਂ ਦਿਨ ਪ੍ਰਸਿੱਧਤਾ ਫੜ ਰਹੀ ਹੈ । ਇੱਕ ਪ੍ਰੇਮੀ ਰਾਹੀਂ ਉਹ ਟੇਪ ਦਾਸ ਕੋਲ ਪੁੱਜੀ ਹੈ। ਗੱਲ ਬਾਤ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਕਰਨੈਲ ਸਿੰਘ ਖ਼ਾਲਸਾ ਆਪ ਜੀ ਲਈ ਪੂਰੀ ਤਰ੍ਹਾਂ ਓਪਰਾਂ ਸੀ ਅਤੇ ਉਸ ਨਾਲ ਤੁਹਾਡਾ ਇਹ ਪਹਿਲਾ ਟੈਲੀਫ਼ੋਨ-ਮਿਲਾਪ ਹੈ।

ਪੰਥ ਦੇ ਸਰਬ-ਉੱਚ ਜਥੇਦਾਰ ਸਾਹਿਬ ਦੀ ਟੈਲੀਫ਼ੋਨ ਤੇ ਹੋਈ ਨਿਰੋਲ ਨਿੱਜੀ ਗੱਲ, ਬਿਨਾ ਆਗਿਆ ਦੇ ਟੇਪ ਕਰ ਲਈ ਜਾਣੀ ਆਪਣੇ ਆਪ ਵਿੱਚ ਬੜੀ ਸ਼ਰਮਨਾਕ ਘਟਨਾ ਹੈ । ਅਤੇ ਫਿਰ ਟੇਪ ਵਿਚਲੀ ਤੁਹਾਡੀ ਗੱਲ ਬਾਤ ਅਜੇਹੀ ਹੈ ਜਿਸ ਦਾ ਆਮ ਲੋਕਾਂ ਤੱਕ ਪੁੱਜ ਜਾਣਾ ਵੱਡੀ ਪੰਥਕ ਬਦਕਿਸਮਤੀ ਸਮਝੀ ਜਾ ਰਹੀ ਹੈ। ਕਾਰਨਾਂ ਦਾ ਵੇਰਵਾ ਇਉਂ ਹੈ:---

੧) ਅਣਜਾਣੇ ਆਦਮੀ ਨਾਲ ਤੁਹਾਡੇ ਇਹ ਬਚਨ- ' **ਸੰਗਤ ਵਿਚ ਜਾਂਦਾ ਹਾਂ ਤਾਂ ਮੈਨੂੰ ਮਾਇਆ ਮਿਲ ਜਾਂਦੀ ਹੈ ਇਸ ਨਾਲ ਘਰ ਦਾ ਖ਼ਰਚਾ ਚੱਲ ਜਾਂਦਾ ਹੈ, ਪਰ ਗੱਡੀ ਲਈ ਮੋਟੀ ਰਕਮ ਖ਼ਰਚਨੀ ਔਖੀ ਹੈ। ਅਸੀਂ ਗ਼ਰੀਬ ਆਦਮੀ ਹਯਾਂ ਨਾ ਸਾਡੇ ਕੋਲ ਜ਼ਮੀਨ ਹੈ ਨਾ ਜਾਇਦਾਦ ਹੈ ਨਾ ਕੋਈ ਕਾਰੋਬਾਰ ਹੈ, ਸਤਾਰਾਂ ਸਾਲ ਬਰਫ਼ ਵਿਚ ਲੱਗੇ ਰਹੇ ਹਾਂ ......** । ਫਿਰ ਉਸ ਕੋਲੋਂ ਪੰਜ ਲੱਖ ਰੁਪੱਯੇ ਅਤੇ ਅੱਗੇ ਤੋਂ ' ਯਥਾ-ਸ਼ਕਤ ਖ਼ਰਚਾ ਹਰ ਮਹੀਨੇ ਲਈ ਭੇਜਣ ਲਈ ਰਜਾਮੰਦੀ ਦਰਸਾਉਣੀ ?

**ਕੇਤਿਆ ਦੂਖ ਭੂਖ ਸਦ ਮਾਰ ॥ ਇਹ ਭਿ ਦਾਤਿ ਤੇਰੀ ਦਾਤਾਰ ॥** " ਆਪ ਜੀ ਤੋਂ ਸਦਾ ਗੁਰਬਾਣੀ ਦੀ ਸਿਖਿਆ ਅਨੁਸਾਰ ਹਰ ਹਾਲਤ ਵਿਚ ਅਕਾਲਪੁਰਖ ਦੇ ਭਾਣੇ ਵਿਚ ਸੁਖੀ ਰਹਿਣ ਦਾ ਉਪਦੇਸ਼ ਮਿਲਦਾ ਰਹਿਣ ਦੀ ਆਸ ਕੀਤੀ ਜਾਂਦੀ ਹੈ। ਕਮਜ਼ੋਰੀ ਅਤੇ ਢਹਿੰਦੀਆਂ ਕਲਾਂ ਵਾਲੇ ਬਚਨ ਸ੍ਰੀ ਅਕਾਲਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਦੀ ਜ਼ਬਾਨ ਤੇ ਬੰਦ ਬੰਦ ਕਟਾਉਂਦੇ ਸਮੇ ਵੀ ਨਹੀਂ ਸਨ ਆਏ । ਭੁੱਖ ਦਰਸਾ ਰਹੇ ਇਨ੍ਹਾਂ ਬਚਨਾਂ ਨੇ ਕੇਵਲ ਸਰਬਉੱਚ ਪਦਵੀ ਦੀ ਆਨ ਬਾਨ ਨੂੰ ਹੀ ਨੀਵਾਂ ਨਹੀਂ ਕੀਤਾ ਸਗੋਂ ਇੱਕ ਮਨੁੱਖ ਤੇ ਟੇਕ ਦਰਸਾ ਕੇ ਤੁਸਾਂ ਹੇਠ ਲਿਖੇ ਗੁਰੂ ਫ਼ੁਰਮਾਨਾਂ ਦੀ ਉਲੰਘਣਾ ਵੀ ਕੀਤੀ ਸਾਫ਼ ਦਿੱਸ ਆਉਂਦੀ ਹੈ ਜੀ:--

(ੳ) ਮਾਨੁਖ ਕੀ ਟੇਕ ਬਿਰਥੀ ਸਭ ਜਾਨੁ ॥ ਦੇਵਣ ਕੋ ਏਕੈ ਭਗਵਾਨ ॥

(ਅ) ।... ਪ੍ਰਭੂ ਤਿਆਗ ਆਨ ਜੇ ਚਾਹਤ ਤਾ ਕੈ ਮੁਖਿ ਲਾਗੈ ਕਾਲੇਖਾ ॥ ੧ ॥

(ੲ) ਹਉ ਮਾਗਉ ਆਨੁ ਲਜਾਉ ॥ ਸਗਲ ਛਤ੍ਰਪਤਿ ਏਕੋ ਠਾਕੁਰੁ ਕਉਨੁ ਸਮਸਰਿ ਲਾਵਉ ॥ ੧ ॥ ਰਹਾਉ ॥

(ਸ) ਮਾਂਗਉ ਰਾਮ ਤੇ ਸਭਿ ਥੋਕ ॥ ਮਨੁਖ ਕਉ ਜਾਚਤ ਸ੍ਰਮੁ ਪਾਈਐ ਪ੍ਰਭ ਕੈ ਸਿਮਰਨਿ ਮੋਖ ॥ ੧ ॥ ਰਹਾਉ ॥

(ਹ) ਹਰਿ ਜੀਉ ਤੇਰੀ ਦਾਤੀ ਰਾਜਾ ॥ ਮਾਣਸੁ ਬਪੁੜਾ ਕਿਆ ਸਾਲਾਹੀ ਕਿਆ ਤਿਸਕਾ ਮੁਹਤਾਜਾ ॥ ੧ ॥ ਰਹਾਉ ॥

੨) ਪੰਥਕ ਸਰਮਾਇ ਦੇ ਖ਼ਰਚੇ ਦਾ ਹਿਸਾਬ ਮੰਗਿਆ ਜਾਣ ਤੇ ਤੁਸਾਂ ਕਮੇਟੀ ਵਲੋਂ ਮਿਲੀਆਂ ਗੱਡੀਆਂ ਵਾਪਸ ਕਰ ਦੇਣ ਦੀ ਗੱਲ ਕਰਨ ਦੇ ਨਾਲ ਰੋਸ ਮਈ ਸੁਰ ਵਿਚ ਉਨ੍ਹਾਂ ਗੱਡੀਆਂ ਨੂੰ ਕੇਵਲ ਧਰਮ ਵਾਸਤੇ ਹੀ ਵਰਤਦੇ ਰਹਿਣ ਬਾਰੇ ਸਫ਼ਾਈ ਪੇਸ਼ ਕਰਨ ਉਪ੍ਰੰਤ ਆਪ ਜੀ ਦੇ ਇਹ ਬਚਨ ' **ਉਨ੍ਹਾਂ ਨੂੰ (ਭਾਵ, ਸ਼੍ਰੋਮਣੀ ਗੁ: ਪ੍ਰ: ਕਮੇਟੀ ਵਾਲਿਆਂ ਨੂੰ)** ਪਤਾ ਚੰਗੀ ਤਰ੍ਹਾਂ ਹੈ, **ਉਹ ਤਾਂ ਸਿਰਫ਼ ਜ਼ਲੀਲ ਜਿਹਾ ਕਰਨਾ ਚਾਹੰਦੇ ਹਨ .... ਜਿਹੜੇ ਲੋਕ ਕਮੇਟੀ ਨੂੰ ਸ਼ੁਰੂ ਤੋਂ ਲੈ ਕੇ ਹੁਣ ਤੱਕ ਖਾ ਰਹੇ ਹਨ ਉਹ ਮੈਨੂੰ ਪੁੱਛਣ ਹਿਸਾਬ ? ਕਿੱਡੀ ਮਾੜੀ ਗੱਲ ਹੈ ...** ? ਉੱਭਰ ਕੇ ਸਾਹਮਣੇ ਆਏ ਸ਼ੰਕੇ--

(ੳ) ਕੀ, ਆਪ ਜੀ ਦਾ ਇਹ ਭਾਵ ਹੈ ਕਿ ਪੰਥਕ ਮਾਇਆ ਦਾ ਕੋਈ ਹਿਸਾਬ ਨਹੀਂ ਰੱਖਿਆ ਜਾਣਾ ਚਾਹੀਦਾ ?

(ਅ) ਕੀ, ਆਪ ਜੀ ਤੋਂ ਪਹਿਲੇ ਜਥੇਦਾਰ ਸਾਹਿਬਾਨ ਆਪਣੇ ਖ਼ਰਚੇ ਦੇ ਹਿਸਾਬ ਤੋਂ ਪੰਥ ਦੇ ਕੇਂਦਰੀ ਦਫ਼ਤਰ ਨੂੰ ਸੂਚਤ ਨਹੀਂ ਸਨ ਕਰਿਆ ਕਰਦੇ ?

(ੲ) ਕਮੇਟੀ ਵਾਲੇ ਆਪ ਜੀ ਨੂੰ ਜ਼ਲੀਲ ਕਿਸ ਕਾਰਨ ਕਰਨਾ ਚਾਹੁੰਦੇ ਹਨ ਜੀ ? ਕੀ ਇਹ ਤੁਹਾਡੇ ਆਪਣੇ ਹੀ ਮਨ ਦੀਆਂ ਬਦਲਾ

ਲਊ ਰੁਚੀਆਂ ਦੀ ਉਪਜ **ਨਿਰਮੂਲ ਭੈ** ਹੀ ਤਾਂ ਨਹੀਂ ਹੈ ਜੀ ?

(ਸ) ਆਪ ਜੀ ਦੇ ਬਚਨਾਂ ਤੋਂ ਸਾਫ਼ ਸਿੱਧ ਹੁੰਦਾ ਹੈ ਕਿ ਕਮੇਟੀ ਅਰੰਭ ਤੋਂ ਹੀ ਪੰਥਕ ਮਾਇਆ ਨੂੰ ਅਯੋਗ ਢੰਗ ਨਾਲ ਆਪਣੇ ਨਿੱਜੀ ਸੁਆਰਥ ਲਈ ਵਰਤਦੇ ਆ ਰਹੇ ਹਨ। ਫਿਰ ਕੀ ਆਪ ਜੀ ਦਾ ਇਹ ਧਰਮ ਨਹੀਂ ਬਣਦਾ ਕਿ ਪੰਥ ਦੇ ਸਰਬ ਉਚ ਪਾਵਨ ਅਸਥਾਨ ਤੇ ਅਜੇਹੀਆਂ ਕਰਤੂਤਾਂ ਕਰਨ ਵਾਲਿਆਂ ਨੂੰ ਸਬੂਤਾਂ ਸਮੇਤ ਨੰਗਾ ਕਰਕੇ ਉਨ੍ਹਾਂ ਨੂੰ ਯੋਗ ਡੰਨ ਦਿਉ ?

੩) ਪੰਥ ਦੇ ਸਾਂਝੇ ਫ਼ੰਡ ਵਿਚੋਂ ਮਿਲੀਆਂ ਗੱਡੀਆਂ ਵਰਤਨ ਦੇ ਥਾਂ ਕਿਸੇ ਖ਼ਾਸ ਸੰਗਤ ਵਲੋਂ ਮਿਲੀ ਗੱਡੀ ਵਰਤਣੀ ਜਾਂ ਕਰਨੈਲ ਸਿੰਘ ਖ਼ਾਲਸਾ ਵਰਗੇ ਕਿਸੇ ਖ਼ਾਸ ਮਨੁੱਖ ਕੋਲੋਂ ਮਾਇਆ ਮੰਗਣ ਦਾ ਸਿੱਧਾ ਅਰਥ ਇਹ ਬਣਦਾ ਹੈ ਕਿ ਤੁਸੀਂ ਸਰਬ ਸਾਂਝੇ ਨਾ ਰਹਿਕੇ ਕੇਵਲ ਉਨ੍ਹਾਂ ਜੋਗੇ ਹੀ ਬਣੀ ਜਾ ਰਹੇ ਹੋ ਜੋ ਤੁਹਾਨੂੰ ਮਾਇਆ ਦੇ ਰਹੇ ਹਨ। ਜਿਵੇਂ ਤੁਸਾਂ ਕਰਨੈਲ ਸਿੰਘ ਨੂੰ ਕੌਂਸਲ ਦਾ ਮੈਂਬਰ ਬਣਾ ਲੈਣ ਦਾ ਇਸ਼ਾਰਾ ਵੀ ਨਾਲ ਹੀ ਕੀਤਾ ਹੋਇਆ ਹੈ। ਟੇਪ ਤੋਂ ਉੱਭਰ ਰਹੀ ਇਸ ਦਲੀਲ ਨੂੰ ਤੁਸੀਂ ਕਿਵੇਂ ਰੱਦ ਕਰੋਗੇ ਕਿ ਤੁਹਾਡੀ ਇਸੇ ਪੱਖਪਾਤੀ ਰੁਚੀ ਦੇ ਕਾਰਨ ਹੀ ਕੁਰਸੀਆਂ ਵਾਲਾ ਗੁਰਮਤਿ ਵਿਰੋਧੀ ਮਸਲਾ ਖੜਾ ਹੋਇਆ ਹੈ ਅਤੇ ਪੰਥ ਵਿਚ ਨਵੀਂ ਕਿਸਮ ਦੀ ਬੇਚੈਨੀ ਫੈਲੀ ਹੈ ?

੪) ਤੁਸਾਂ ਆਪਣੇ ਇਨ੍ਹਾਂ ਬਚਨਾਂ ਨਾਲ--' **ਅਸੀਂ ਹਰ ਇਕ ਚਿੱਠੀ ਨੂੰ ਚੰਗੀ ਤਰ੍ਹਾਂ ਵਾਚਕੇ ਉੱਤਰ ਦਿੰਦੇ ਹਾਂ** " ਭਰੋਸਾ ਕਰਾਇਆ ਹੈ ਕਿ ਤੁਸੀਂ ਬਾਹਰੋਂ ਗਈਆਂ ਸਾਰੀਆਂ ਚਿੱਠੀਆਂ ਦਾ ਉਤਰ ਜ਼ਰੂਰ ਦਿੰਦੇ ਹੋ। ਪਰ ਅਸਲੀਅਤ ਇਹ ਹੈ ਕਿ ਜਿਸ ਵੀ ਚਿੱਠੀ ਦੁਆਰਾ ਆਪ ਜੀ ਕੋਲੋਂ ਗੁਰਮਤਿ ਬਾਰੇ ਸੇਧ ਮੰਗੀ ਗਈ ਹੋਵੇ ਉਸ ਪੱਤਰ ਦਾ ਤੁਸਾਂ ਜਵਾਬ ਕਦੀ ਨਹੀਂ ਦਿੱਤਾ --(੨੭-੧-੯੮ ਨੂੰ ਜਿਸ ਪੱਤਰ ਦਾ ਜੋ ਉੱਤਰ ਮਿਲਿਆ ਹੈ ਉਤਰ ਸਮੇਤ ਨਾਲ ਨਥੀ ਹੈ) ।

੫- ਬੌਡੀ ਗਾਰਡ (ਅੰਗ ਰਖਿਅਕਾਂ) ਦੀ ਗੱਲ ਕਰਕੇ ਤੁਸਾਂ ਸਿੱਧ ਕਰ ਦਿੱਤਾ ਹੈ ਕਿ ਤੁਸੀਂ " **ਮਾਰੇ ਰਾਖੇ ਏਕੋ ਆਪ** " ਗੁਰੂ ਫ਼ੁਰਮਾਨ ਤੇ ਕੋਈ ਭਰੋਸਾ ਨਹੀਂ ਕਰਦੇ ਅਤੇ-- " **ਹਰਿ ਬਿਨੁ ਕੋ ਮਾਰਿ ਜੀਵਾਲੁ ਨਾ ਸਾਕੈ ਮਨੁ ਹੋਇ ਨਿਚਿੰਦੁ ਨਿਸਲੁ ਹੋਇ ਰਹੀਐ ॥** " ਗੁਰੂ ਫ਼ੁਰਮਾਨ ਵੀ ਤੁਹਾਡੇ ਲਈ ਅਰਥਹੀਨ ਹੈ ।

੬- ਰੋਮਾਂ ਦੀ ਬੇਅਦਬੀ, ਤਮਾਕੂ ਅਥਵਾ ਕੁੱਠੇ ਦਾ ਸੇਵਨ ਅਤੇ ਪਰਨਾਰੀ ਗਮਨ, ਚਾਰ ਬੱਜਰ ਕੁਰਹਿਤਾਂ ਵਾਂਗ ਕੀ " ਇਡੋਕੈਨੇਡੀਅਨ ' ਅਖ਼ਬਾਰ ਪੜ੍ਹਨਾ ਵੀ ਬੱਜਰ ਕੁਰਹਿਤ ਹੀ ਬਣ ਚੁੱਕੀ ਹੈ ਜੀ ? ਇਥੋ ਕੁਝ ਸਿੰਘਾਂ ਨੇ ਇਸ ਬਾਰੇ ਦਾਸ ਨੂੰ ਪੁੱਛਿਆ ਹੈ ਕਿ ਉਹ ਉਪ੍ਰੋਕਤ ਅਖ਼ਬਾਰ ਦੇ ਪੱਕੇ ਗਾਹਕ ਬਣਨਾ ਚਾਹੁੰਦੇ ਹਨ, ਦਾਸ ਨੇ ਏਹੀ ਉੱਤਰ ਦਿੱਤਾ ਹੈ ਕਿ ਜਥੇਦਾਰਤ ਸਾਹਿਬ ਵਲੋਂ ਇਸ ਪੱਤਰ ਦੇ ਉੱਤਰ ਵਿਚ ਜੋ ਫ਼ੁਰਮਾਨ ਆਇਆ ਉਵੇਂ ਹੀ ਕਰਿਓ । ਜੇ ਕੋਈ ਉਤਰ ਵੀ ਨਾ ਆਇਆ ਤਾਂ ਉਨ੍ਹਾਂ ਵਲੋਂ ਮਨਜ਼ੂਰੀ ਸਮਝਿਓ । ਭੁੱਲਾਂ ਦੀ ਖਿਮਾ । ਸੇਧ ਪੱਤਰ ਦਾ ਉਡੀਕਵਾਨ---- ਗੁਰਮਤਿ ਅਨੁਸਾਰ ਜੀਵਨ ਜੀਉਂ ਰਹੇ ਗੁਰਮੁਖਾਂ ਦੇ ਚਰਨਾ ਦੀ ਧੂੜ–

ਦਾਸਰਾ ਗੁਰਬਖ਼ਸ਼ ਸਿੰਘ

(ਸਿੰਗ ਸਾਹਿਬ ਰਚਜੀਤ ਸਿੰਘ ਜਥੇਰਦਾਰ ਆਕਾਲ ਖ਼ਤਰਾ ਇਕ ਭਿਆਨਕ ਖ਼ਤਰਾ ?)